# ਡਾ. ਦਰਸ਼ਨ ਸਿੰਘ ਆਸ਼ਟ ਦੀਆਂ ਬਾਲ–ਕਹਾਣੀਆਂ ਦਾ ਕਲਾ ਪੱਖ

*ਕਮਲਜੀਤ ਕੌਰ *
ਡਾ. ਧਰਮਿੰਦਰ ਸਿੰਘ **
*ਅਸਿਸਟੈਂਟ ਪ੍ਰੋਫ਼ੈਸਰ, ਐਸ.ਡੀ. ਕੰਨਿਆ ਮਹਾਂ ਵਿੱਦਿਆਲਯ, ਮਾਨਸਾ
**ਨਿਗਰਾਨ, ਦੇਸ਼ ਭਗਤ ਯੂਨੀਵਰਸਿਟੀ

ਡਾ. ਦਰਸ਼ਨ ਸਿੰਘ ਆਸ਼ਟ ਨੇ ਬਾਲ ਸਹਿਤ ਦੇ ਖੇਤਰ ਵਿੱਚ ਆਪਣੀਆਂ ਅਨੇਕਾਂ ਬਾਲ ਕਹਾਣੀਆਂ ਨਾਲ ਬਹੁਤ ਵੱਡਾ ਯੋਗਦਾਨ ਪਾਇਆ ਹੈ ਅਤੇ ਅੱਜ ਤੱਕ ਨਿਰੰਤਰ ਜਾਰੀ ਹੈ। ਉਸ ਨੇ ਹਰ ਕਹਾਣੀ ਦੇ ਵਿਸ਼ੇ ਨੂੰ ਬਾਲਪਨ ਦੇ ਪੱਧਰ ਅਨੁਸਾਰ ਢਾਲ ਕੇ ਬੱਚਿਆਂ ਦੇ ਕੋਮਲ ਮਨ ਦਾ ਹਾਣੀ ਬਣਾਇਆ ਹੈ। ਬਾਲ ਕਹਾਣੀ ਦੇ ਖੇਤਰ ਵਿੱਚ ਉਸ ਦਾ ਵੱਡਾ ਨਾਮ ਹੈ ਕਿਉਂਕਿ ਬਾਲ ਸਾਹਿਤ ਅੰਦਰ ਨਿੱਕੀਆਂ ਕਹਾਣੀਆਂ ਦਾ ਪ੍ਰਚਲਣ ਕਾਫੀ ਹੋ ਰਿਹਾ ਹੈ। ਆਧੁਨਿਕ ਸਮੇਂ ਦੀ ਭੱਜ ਦੌੜ ਵਾਲੀ ਜ਼ਿੰਦਗੀ ਅੰਦਰ ਭਾਰੇ ਤੇ ਲੰਮੇਰੇ ਸਾਹਿਤ ਰੂਪ ਮਨੁੱਖ ਤੋਂ ਦੂਰ ਹੋ ਰਹੇ ਹਨ। ਪੰਜਾਬੀ ਬਾਲ ਕਹਾਣੀਆਂ ਦੀ ਸਿਰਜਣਾ ਕਰਕੇ ਉਸ ਨੇ ਆਉਣ ਵਾਲੀਆਂ ਪੀੜੀਆਂ ਨੂੰ ਸਾਹਿਤ ਦੇ ਹਾਣ ਦਾ ਬਣਾਉਣ ਦਾ ਸਫਲ ਯਤਨ ਕੀਤਾ ਹੈ

ਵਿਸ਼ੇ ਦੇ ਪੱਖ ਤੋਂ ਉਸ ਦੀਆਂ ਬਾਲ ਕਹਾਣੀਆਂ ਦਾ ਸੁਭਾਅ ਜਾਂ ਪ੍ਰਕਿਰਤੀ ਬਹੁਭਾਂਤੀ ਹੈ ਉਸ ਦੀਆਂ ਬਾਲ ਕਹਾਣੀਆਂ ਵਿੱਚ ਸਮਾਜਿਕ, ਰਾਜਨੀਤਕ, ਸੱਭਿਆਚਾਰਕ ਅਤੇ ਵਿਵਹਾਰਿਕ ਪ੍ਰਸਥਿਤੀਆਂ ਨੂੰ ਕਹਾਣੀ ਦੇ ਵਿਸ਼ਿਆਂ ਵਜੋਂ ਪੇਸ਼ ਕੀਤਾ ਗਿਆ ਹੈ। ਉਸ ਦੇ ਬਾਲ ਸਾਹਿਤ ਦੇ ਵਿਸ਼ਿਆਂ ਵਿੱਚ ਕਿਸੇ ਕਿਸਮ ਦੇ ਦੈਵੀ ਪਾਤਰਾਂ ਜਾਂ ਕੁਦਰਤੀ ਚਮਤਕਾਰਾਂ ਨੂੰ ਆਪਣੇ ਸਾਹਿਤ ਦੇ ਵਿਸ਼ੇ ਨਹੀਂ ਬਣਾਇਆ ਸਗੋਂ ਉਨਾਂ ਦੇ ਵਿਸ਼ਿਆਂ ਵਿੱਚ ਨੈਤਿਕ ਕਦਰਾਂ ਕੀਮਤਾਂ, ਚੰਗੀਆਂ ਆਦਤਾਂ ਅਤੇ ਵਿਗਿਆਨਕ ਸੋਚ ਵਾਲੇ ਵਿਸ਼ਿਆਂ ਨੂੰ ਰਚਨਾਵਾਂ ਦਾ ਆਧਾਰ ਬਣਾਇਆ ਗਿਆ ਹੈ। ਉਸ ਦੇ ਬਾਲ ਸਾਹਿਤ ਵਿੱਚ ਜੀਵ ਜੰਤੂਆਂ, ਭੌਤਿਕ ਵਿਗਿਆਨ, ਪੁਲਾੜ ਵਿਗਿਆਨ, ਸਿੱਖਿਆ ਸੰਸਾਰ, ਉਦਯੋਗਿਕ ਵਿਗਿਆਨ ਅਤੇ ਤਕਨਾਲੋਜੀ ਆਦਿ ਖੇਤਰਾਂ ਨੂੰ ਵਿਸ਼ਾ ਵਸਤੂ ਬਣਾਇਆ ਤਾਂ ਜੋ ਅੱਜ ਦਾ ਬਾਲ ਪਾਠਕ ਮਹਿਜ ਕਾਲਪਨਿਕ ਸੰਸਾਰ ਵਿੱਚ ਹੀ ਗੁਆਚ ਕੇ ਨਾਂ ਰਹਿ ਜਾਵੇ ਸਗੋਂ ਜ਼ਿੰਦਗੀ ਦੇ ਸੱਚ ਨੂੰ ਨੇੜੇ ਤੋਂ ਸਮਝ ਸਕੇ।

ਇਸ ਲਈ ਬੱਚਿਓ ਘਮੰਡ ਕਰਨਾ ਬਹੁਤ ਭੈੜੀ ਚੀਜ਼ ਹੈ ਸਾਨੂੰ ਕਦੇ ਵੀ ਘਮੰਡ ਨਹੀਂ ਕਰਨਾ ਚਾਹੀਦਾ।1 ਬਾਲ ਕਹਾਣੀ ਅੰਦਰ ਕਥਾਨਕ ਰੀੜ ਦੀ ਹੱਡੀ ਵਜੋਂ ਭੂਮਿਕਾ ਨਿਭਾਉਂਦਾ ਹੈ।

ਕਥਾਨਕ ਉਹ ਨੀਂਹ ਹੁੰਦੀ ਹੈ ਜਿਸ ਤੇ ਸਮੁੱਚੀ ਕਹਾਣੀ ਦਾ ਮਹਿਲ ਉਸਰਦਾ ਹੈ। ਕਥਾਨਕ ਦੀ ਚੋਣ ਵਿਵਹਾਰਕ ਜੀਵਨ ਦੀਆਂ ਕਠੋਰ ਸੱਚਾਈਆਂ ਵਿੱਚੋਂ ਹੁੰਦੀ ਹੈ। ਕਥਾਨਕ ਵਿੱਚ ਆਰੰਭ, ਵਿਕਾਸ ਅਤੇ ਅੰਤ ਇਸ ਦੇ ਗੌਣ ਤੱਤਾਂ ਵਜੋਂ ਵਿਚਰਦੇ ਹਨ। ਬਾਲ ਕਹਾਣੀਆਂ ਕਿਉਂਕਿ ਬੱਚਿਆਂ ਦੇ ਪੱਧਰ ਨੂੰ ਮੁੱਖ ਰੱਖ ਕੇ ਲਿਖੀਆਂ ਜਾਦੀਆਂ ਹਨ ਇਸ ਲਈ ਜੀਵ੍ਜੰਤੂਆਂ, ਮਾਨਵੀ ਸਮਾਜ, ਬਨਸਪਤੀ ਅਤੇ ਸਮੁੰਦਰਾਂ, ਪਹਾੜਾਂ ਨਾਲ ਸਬੰਧਤ ਸਮੱਗਰੀ ਹੀ ਬਾਲ ਕਹਾਣੀਆਂ ਦਾ ਆਧਾਰ ਬਣਦੀ ਹੈ।

ਕਥਾਨਕ ਬਾਲ ਕਹਾਣੀ ਦੀ ਜਿੰਦ ਜਾਨ ਹੁੰਦੀ ਹੈ। ਕਹਾਣੀ ਅੰਦਰ ਵਧੇਰੇ ਮਹੱਤਵ ਕਥਾਨਕ ਦਾ ਹੀ ਹੁੰਦਾ ਹੈ। ਬਾਲ ਕਹਾਣੀ ਦੇ ਕਥਾਨਕ ਦੀ ਹੋਂਦ ਸਾਹਿਤਕ ਕਹਾਣੀ ਨਾਲੋਂ ਵੱਖਰੀ ਅਤੇ ਮਜਬੂਤ ਹੁੰਦੀ ਹੈ। ਕਥਾਨਕ ਕਹਾਣੀ ਦਾ ਉਹ ਤੱਤ ਹੈ ਜਿਸ ਰਾਹੀਂ ਕਹਾਣੀਕਾਰ ਆਪਣੇ ਮਨ ਦੇ ਭਾਵ ਬਾਲ ਮਨਾ ਅੱਗੇ ਪੇਸ਼ ਕਰਦਾ ਹੈ। ਕਥਾਨਕ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਇਸਤਰੀ ਦਾ ਪੇਟ ਹੈ ਜਿਸ ਤੋਂ ਬਿਨਾਂ ਕੋਈ ਚੰਗੇਰੀ ਅਤੇ ਮਜਬੂਤ ਬਾਲ ਕਹਾਣੀ ਪੈਦਾ ਨਹੀਂ ਹੋ ਸਕਦੀ।

ਦਰਸ਼ਨ ਸਿੰਘ ਆਸ਼ਟ ਦੇ ਕਹਾਣੀ ਸੰਗ੍ਰਹਿ 'ਬਾਗਾਂ ਵਾਲਾ ਪਿੰਡ', 'ਉੱਡ ਗਈ ਤਿਤਲੀ', 'ਸ਼ਾਬਾਸ਼ ਧੀਏ' ਅਤੇ 'ਘੁੱਗੀ ਮੁੜ ਆਈ' ਆਦਿ ਕਥਾਨਕ ਦੇ ਪੱਖ ਤੋਂ ਸਮਾਜਿਕ ਅਤੇ ਰੋਜ਼ਾਨਾ ਕਾਰ੍ ਵਿਹਾਰ ਦੇ ਵਿਸ਼ਿਆਂ ਦੀ ਗਵਾਹੀ ਭਰਦੇ ਹਨ। ਇਹਨਾਂ ਕਹਾਣੀ ਸੰਗ੍ਰਹਿਆਂ ਵਿਚਲੀਆਂ ਕਹਾਣੀਆਂ ਮੁਲਕੋ, ਤਬਦੀਲੀ, ਕੱਚੀ ਡੋਰ ਅਤੇ ਮਨ ਦੀ ਖੁਸ਼ੀ ਆਦਿ ਕਥਾਨਕ ਪੱਖ ਤੋਂ ਉੱਤਮ ਦਰਜੇ ਦੀਆਂ ਕਹਾਣੀਆਂ ਵਿੱਚੋਂ ਸ਼ੁਮਾਰ ਹਨ। ਲੇਖਕ ਨੇ ਬਾਲ ਮਨਾਂ ਦੀ ਪਰਤ ਨੂੰ ਸਮਝਦਿਆਂ ਕਹਾਣੀ ਦੇ ਕਥਾਨਕ ਦੀ ਚੋਣ ਕੀਤੀ ਹੈ। ਹਰ ਕਹਾਣੀ ਦੇ ਕਥਾਨਕ ਵਿੱਚ ਬੱਚਿਆਂ ਲਈ ਸਬਕ, ਉਤਸੁਕਤਾ ਤੇ ਸੰਦੇਸ਼ ਸ਼ਾਮਿਲ ਹਨ।

ਬਾਲ ਕਹਾਣੀ ਵਿੱਚ ਕਥਾਨਕ ਨੂੰ ਆਦਿ ਤੋਂ ਲੈ ਕੇ ਅੰਤ ਤੱਕ ਮੌਜੂਦ ਰਹਿਣ ਵਾਲਾ ਤੱਤ ਕਿਹਾ ਜਾਂਦਾ ਹੈ। ਕਹਾਣੀ ਦਾ ਵਿਸ਼ਾ ਇਸ ਨਾਲ ਹੀ ਸੰਪੂਰਨ ਭਾਵ ਵਿੱਚੋਂ ਪਰਗਟ ਹੁੰਦਾ ਹੈ। ਕਹਾਣੀ ਦੀ ਸਫਲਤਾ ਕਥਾਨਕ ਉੱਪਰ ਹੀ ਨਿਰਭਰ ਕਰਦੀ ਹੈ। ਕਥਾਨਕ ਵਿੱਚ ਕੋਈ ਨਾਂ ਕੋਈ ਉਦੇਸ਼, ਸੁਨੇਹਾ ਜਾਂ ਆਦਰਸ਼ ਛੁਪਿਆ ਹੁੰਦਾ ਹੈ। ਬਾਲ ਕਹਾਣੀ ਲੇਖਕ ਇਸ ਦਾ ਤਾਣਾਬਾਣਾ ਬੜੀ ਸੂਝ ਬੂਝ ਨਾਲ ਨਿਰਧਾਰਤ ਕਰਦਾ ਹੈ ਤਾਂ ਜੋ ਬਾਲ ਪਾਠਕਾਂ ਦੀ ਉਤਸੁਕਤਾ ਅਤੇ ਰੁਚੀ ਬਣੀ ਰਹੇ। ਪਾਤਰਾਂ ਦਾ ਮਾਨਵੀਕਰਨ ਸੰਗਠਿਤ ਬਿਰਤਾਂਤ ਅਤੇ ਕਾਲਪਨਿਕਤਾ ਦੇ ਗੁਣ ਕਥਾਨਕ ਨੂੰ ਨਵੀਨਤਾ ਤੇ ਸੰਜੀਵਤਾ ਪ੍ਰਦਾਨ ਕਰਦੇ ਹਨ:

ਇਕ ਦਿਨ ਹਿਰਨ ਰੋਜ਼ ਦੀ ਤਰ੍ਹਾਂ ਇਕੱਲਾ ਜੰਗਲ ਦੀ ਹਰੀ ਅਤੇ ਨਰਮ ਨਰਮ ਘਾਹ ਚਰ ਰਿਹਾ ਸੀ। ਅਚਾਨਕ ਹੀ ਉਸ ਨੇ ਵੇਖਿਆ ਕਿ ਇੱਕ ਬਘਿਆੜ ਉਸ ਵੱਲ ਤੇਜ਼ੀ ਨਾਲ ਭੱਜਿਆ ਆ ਰਿਹਾ ਹੈ। ਪਹਿਲਾਂ ਤਾਂ ਹਿਰਨ ਨੇ ਸਮਝਿਆ ਕਿ ਉਹ ਉਸਦਾ ਦੋਸਤ ਹੈ ਪਰ ਜਦੋਂ ਉਹ ਉਸ 'ਤੇ ਆ ਕੇ ਬੁਰੀ ਤਰ੍ਹਾਂ ਟੁੱਟ ਪਿਆ ਤਾਂ ਹਿਰਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਬੜੀ ਮੁਸ਼ਕਿਲ ਨਾਲ ਉਸ ਨੇ ਬਘਿਆੜ ਤੋਂ ਆਪਣਾ ਆਪ ਛੁਡਾਇਆ ਤੇ ਜਾਨ ਬਚਾਉਣ ਲਈ ਪੂਰੀ ਵਾਹ ਲਾਉਣ ਲੱਗਾ ਬਘਿਆੜ ਵੀ ਉਸਦੇ ਪਿੱਛੇ ਤੇਜ਼ੀ ਨਾਲ ਦੌੜਿਆ।2

ਬਾਲ ਕਹਾਣੀਆਂ ਅੰਦਰ ਪਾਤਰ ਉਸਾਰੀ ਦਾ ਆਪਣਾ ਮਹੱਤਵ ਹੈ ਬਾਲ ਕਹਾਣੀਆਂ ਵਿੱਚ ਜਿੱਥੇ ਇੱਕ ਪਾਸੇ ਜਿਉਂਦੇ ਜਾਗਦੇ, ਸਮਾਜ 'ਚ ਵਿਚਰਦੇ ਜੀਵ੍ਜੰਤੂ, ਪੇੜ ਪੌਦੇ, ਸਮੁੰਦਰ ਪਹਾੜ ਆਦਿ ਪਾਤਰ ਵਜੋਂ ਵਿਚਰਦੇ ਹਨ ਉੱਥੇ ਪਰਾਸਰੀਰਕ ਪਾਤਰ ਵੀ ਕਾਲਪਨਿਕਤਾ ਦੇ ਤੱਤ ਨੂੰ ਪ੍ਰਗਟਾਉਣ ਲਈ ਵਰਤੇ ਜਾਂਦੇ ਹਨ। ਇੱਕ ਬਾਲ ਕਹਾਣੀਕਾਰ ਲਈ ਪਾਤਰ ਉਸਾਰੀ ਦਾ ਕਾਰਜ ਜਿੱਥੇ ਔਖਾ ਹੈ ਉੱਥੇ ਵਧੇਰੇ ਸਾਵਧਾਨੀ ਦੀ ਮੰਗ ਵੀ ਕਰਦਾ ਹੈ।

ਦਰਸ਼ਨ ਸਿੰਘ ਆਸ਼ਟ ਦੀ ਕਹਾਣੀ 'ਸਬਕ' ਦੇ ਪਾਤਰ ਮਜ਼ਦੂਰ ਆਮ ਸਮਾਜ ਵਿੱਚੋਂ ਲਏ ਗਏ ਹਨ ਇਹ ਕਹਾਣੀ ਪੇਂਡੂ ਸਮਾਜ ਵਿਚਲੇ ਸਧਾਰਨ ਮਜ਼ਦੂਰਾਂ ਅਤੇ ਜ਼ਿਮੀਦਾਰਾਂ ਦੇ ਆਪਸੀ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੇ ਨਜ਼ਰ ਆਉਂਦੇ ਹਨ। ਕਹਾਣੀਕਾਰ ਨੇ ਅਜਿਹੇ ਪਾਤਰਾਂ ਦੀ ਚੋਣ ਕੀਤੀ ਹੈ ਜੋ ਸਮਾਜ ਦੇ

ਜਿਉਂਦੇ ਜਾਗਦੇ ਤੇ ਸੁਭਾਵਿਕ ਪਾਤਰ ਹਨ। ਮਜ਼ਦੂਰ ਵਰਗ ਦੀ ਅਨਪੜ੍ਹਤਾ ਅਤੇ ਸਾਦਗੀ ਨੂੰ ਕਹਾਣੀਕਾਰ ਨੇ ਪਾਤਰ ਦੇ ਸੁਭਾਅ ਵਜੋਂ ਪੇਸ਼ ਕੀਤਾ ਹੈ:

"ਜੀ, ਮੈਨੂੰ ਮਨਜ਼ੂਰ ਐ ਜੀ ਨਵੇਂ ਆਦਮੀ ਨੇ ਭੋਲਾ ਜਿਹਾ ਬਣਕੇ ਜਵਾਬ ਦਿੱਤਾ।3

ਕਹਾਣੀਕਾਰ ਪਾਤਰਾਂ ਦੀ ਚੋਣ ਕਰਦਿਆਂ ਪਾਤਰਾਂ ਦੇ ਸੁਭਾਅ ਨੂੰ ਵੀ ਚਿਤਰਦਾ ਹੈ। ਉਸ ਦੀ ਕਹਾਣੀ ਦਾ ਇਹ ਹਾਸਿਲ ਹੈ ਕਿ ਉਹ ਪਾਤਰਾਂ ਦੀ ਉਮਰ ਅਤੇ ਮਾਨਸਿਕਤਾ ਦੇ ਸੰਤੁਲਨ ਨੂੰ ਬਰਕਰਾਰ ਰੱਖਦਾ ਹੈ ਕਹਾਣੀ ਬੁੱਧੀਮਾਨੋ ਵਿੱਚ ਪਾਤਰ ਜੋ ਕਿ ਆਪਣੇ ਆਪ ਨੂੰ ਬੁੱਧੀਮਾਨ ਅਖਵਾਉਂਦਾ ਹੈ ਦੇ ਸੁਭਾਅ ਨੂੰ ਦਰਸ਼ਨ ਸਿੰਘ ਆਸ਼ਟ ਨੇ ਚਤੁਰ ਚਲਾਕ ਤੇ ਹਾਜ਼ਰ ਜਵਾਬ ਪਾਤਰ ਵਜੋਂ ਉਭਾਰਿਆ ਹੈ:

"ਉਏ ਕਮਾਲ ਕਰਦੈਂ ਤੂੰ ਵੀਂ ਜਿਉਂ ਜਿਉਂ ਇਹ ਵੱਡਾ ਹੁੰਦਾ ਜਾਊ, ਤਿਉਂ ਤਿਉਂ ਇਹਦੇ ਸੁੰਡ ਵੀ ਆਉਂਦੀ ਜਾਊੂ ਬੁੱਧੀਮਾਨ ਨੇ ਉੱਤਰ ਦਿੱਤਾ।4

ਕਹਾਣੀਕਾਰ ਦਰਸ਼ਨ ਸਿੰਘ ਆਸ਼ਟ ਦੀਆਂ ਕਹਾਣੀਆਂ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਹ ਬੱਚਿਆਂ ਦੇ ਮਾਨਸਿਕ ਪੱਧਰ ਅਤੇ ਭੋਲੇਪਨ ਨੂੰ ਮੁੱਖ ਰੱਖਦਿਆਂ ਜਨੌਰ ਤੇ ਕੁਦਰਤੀ ਪਾਤਰਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰਦਾ ਹੈ। ਇਸ ਤੋਂ ਵੀ ਵਧੇਰੇ ਕਲਾ ਦਾ ਨਮੂਨਾ ਉਹ ਇਹਨਾਂ ਜੀਵਜੰਤੂਆਂ ਦੇ ਮਾਨਵੀਕਰਨ ਰਾਹੀਂ ਦਿੰਦਾ ਹੈ। ਮਾਨਵੀਕਰਨ ਇੱਕ ਅਜਿਹੀ ਜੁਗਤ ਹੈ ਜਿਸ ਰਾਹੀਂ ਲੇਖਕ ਕਿਸੇ ਨਿਰਜੀਵ ਜਾਂ ਕੁਦਰਤੀ ਪਾਤਰਾਂ ਨੂੰ ਆਮ ਮਨੁੱਖ ਵਾਂਗ ਬੋਲਦਾ ਤੇ ਮਹਿਸੂਸ ਕਰਦਾ ਵਿਖਾਉਂਦਾ ਹੈ।

ਕਹਾਣੀ ਵਰ ਕਿ ਸਰਾਪ' ਵਿੱਚ ਕਹਾਣੀਕਾਰ ਨੇ ਦੇਵਤੇ ਅਤੇ ਮੋਰਾਂ ਦੇ ਪਾਤਰ ਉਲੀਕੇ ਹਨ। ਇਹ ਪਾਤਰ ਆਮ ਮਨੁੱਖੀ ਜੀਵਨ ਦੀ ਤਰ੍ਹਾਂ ਵਿਚਰਦੇ ਨਜ਼ਰ ਆਉਂਦੇ ਹਨ। ਉਹ ਮੋਰਾਂ ਦੇ ਮੂੰਹੋਂ ਆਪਣੀ ਗੱਲ ਅਖਵਾਉਂਦਾ ਹੈ:

ਗੱਲ ਤਾਂ ਬਿਲਕੁਲ ਠੀਕ ਹੈ ਇਸ ਤਰ੍ਹਾਂ ਤਾਂ ਲੋਕਾਂ ਨੇ ਸੋਨੇ ਦੀਆਂ ਕਲਗੀਆਂ ਲਾਹੁਣ ਲਈ ਸਾਡੀ ਕੁੱਲ ਦਾ ਨਾਸ਼ ਕਰ ਦੇਣਾ ਹੈ। ਜਿੰਨੀ ਛੇਤੀ ਹੋ ਸਕੇ ਉਸੇ ਦੇਵਤੇ ਕੋਲ ਚੱਲੀਏ ਕਈ ਮੋਰਾਂ ਨੇ ਕਿਹਾ।5

ਕਹਾਣੀ ਆਲਸ ਵਿੱਚ ਵੀ ਕਹਾਣੀਕਾਰ ਮਾਨਵੀਕਰਨ ਵਿਧੀ ਦੀ ਵਰਤੋਂ ਕਰਦਿਆਂ ਮੁਰਗੇ, ਮੁਰਗੀ ਤੇ ਉਨ੍ਹਾਂ ਦੇ ਚੂਚਿਆਂ ਦੀ ਮਨੋਦਸ਼ਾ ਨੂੰ ਬਾਲ ਪਾਠਕਾਂ ਦੇ ਅੱਗੇ ਪੇਸ਼ ਕਰਦਾ ਹੈ:

"ਭਰਾ ਕਾਲੂ" ਤੂੰ ਠੀਕ ਕਹਿੰਦਾ ਸੀ। ਆਲਸ ਬਹੁਤ ਮਾੜੀ ਚੀਜ਼ ਹੁੰਦੀ ਐ। ਅੱਜ ਮੈਂ ਆਲਸ ਕਰਕੇ ਹੀ ਇੱਥੇ ਮਰ ਜਾਣਾ ਸੀ। ਹੁਣ ਮੈਂ ਸਮਝ ਗਿਆ ਹਾਂ ਕਿ ਇਹ ਤਾਂ ਬਹੁਤ ਮਾੜੀ ਚੀਜ਼ ਐ। ਮੈਂ ਤੇਰੇ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਵੀ ਦਾਣਾ ਚੁਗਣ ਜਾਇਆ ਕਰਾਂਗਾ ਨੀਲੂ ਦੀਆਂ ਅੱਖਾਂ ਵਿੱਚ ਹੰਝੂ ਆ ਗਏ।6

ਪ੍ਰੋੜ ਕਾਹਣੀਆਂ ਦੇ ਮੁਕਾਬਲੇ ਬਾਲ ਕਹਾਣੀਆਂ ਅੰਦਰ ਵਾਰਤਲਾਪ ਜਾਂ ਸੰਵਾਦ ਸਿਰਜਦਿਆਂ ਲੇਖਕ ਨੂੰ ਵਧੇਰੇ ਚੁਕੰਨਾ ਰਹਿਣਾ ਪੈਂਦਾ ਹੈ। ਬਾਲ ਕਹਾਣੀਆਂ ਦੇ ਪਾਠਕ ਕੋਮਲ ਮਨ, ਭੋਲੇ ਤੇ ਸੱਚੀ ਮਾਨਸਿਕਤਾ ਵਾਲੇ ਛੋਟੇ ਬਾਲਕ ਹੁੰਦੇ ਹਨ। ਉਹਨਾਂ ਦੀ ਭਾਸ਼ਾ ਦਾ ਪੱਧਰ ਉਨਾਂ ਵਿਕਸਿਤ ਨਹੀਂ ਹੋਇਆ ਹੁੰਦਾ ਹੈ ਜਿੰਨਾ ਕਿ ਇੱਕ ਪ੍ਰੋੜ ਪਾਠਕ ਦਾ ਇਸ ਲਈ ਬਾਲ ਕਹਾਣੀ ਦੇ ਵਾਰਤਾਲਾਪ ਸਿਰਜਦਿਆਂ ਇਸ ਨੂੰ ਸਾਧਾਰਨ ਪੱਧਰ ਤੇ ਸਰਲ, ਸੰਖੇਪ ਅਤੇ ਸਵਾਦਲੇ ਵਾਰਤਾਲਾਪ ਦੀ ਵਰਤੋਂ ਕੀਤੀ ਜਾਂਦੀ ਹੈ:

ਚੌਕੀਦਾਰ ਨੇ ਪੁੱਛਿਆ, "ਸਮਝ ਗਿਆ ਬੱਚੂ ਘਰੋਂ ਦੌੜ ਕੇ ਆਇਐ ਨਾਂ"

ਗੋਪਾਲ ਨੇਂ ਹਾਂ ਵਿੱਚ ਸਿਰ ਹਿਲਾ ਦਿੱਤਾ।

"ਕਿਉਂ " ਚੌਕੀਦਾਰ ਨੇ ਪੁੱਛਿਆ।

ਗੋਪਾਲ ਕਹਿਣ ਲੱਗਾ, "ਮੈਨੂੰ ਭਾਪਾ ਮਾਰਦੈ। ਮੈਂ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਨ ਲਈ ਘਰੋਂ ਦੌੜ ਕੇ ਆਇਆਂ "ਚੌਕੀਦਾਰ ਨੇ ਪੁੱਛਿਆ," ਕੋਈ ਗਲਤੀ ਕਰਦਾ ਹੋਏਂਗਾ"।7

"ਧੰਨਵਾਦ ਨਾਨੀ ਜੀ ਬਹੁਤ ਵਧੀਆ ਕਹਾਣੀ ਸੀ। ਸਾਰੇ ਬੱਚੇ ਇੱਕੋ ਆਵਾਜ਼ ਵਿੱਚ ਬੋਲੇ।

ਸੋਨਾ ਨੇ ਝਟਪਟ ਕਿਹਾ, ਉਏ ਇੱਕ ਗੱਲ ਤਾਂ ਰਹਿ ਹੀ ਗਈ"

"ਉਹ ਕਿਹੜੀ" ਪਿੰਕੀ ਨੇ ਪੁੱਛਿਆ।

"ਮੈਂ ਸ਼ੁਰੂ ਵਿੱਚ ਕਿਹਾ ਸੀ ਨਾ ਅੰਤ ਵਿੱਚ ਇਸ ਕਹਾਣੀ ਦਾ ਨਾਂ ਸੋਚ ਕੇ ਦੱਸਾਂਗੀ" ਸੋਨਾ ਨੇ ਕਿਹਾ।

"ਤਾਂ ਫਿਰ ਦੱਸੈ" ਪਿੰਕੀ ਨੇ ਫਿਰ ਪੁੱਛਿਆ।

"ਇਸ ਕਹਾਣੀ ਦਾ ਨਾਂ ਬੁੱਕਲ ਦਾ ਸੱਪੋ ਹੋਣਾ ਚਾਹੀਦੈ" ਸੋਨਾ ਨੇ ਕਿਹਾ।

"ਵਾਹ ਵਾਹ" ਇੱਕ ਦਮ ਠੀਕ ਮੰਤਰੀ ਬੁੱਕਲ ਦਾ ਸੱਪ ਹੀ ਤਾਂ ਸੀ ਜਿਸ ਨੇ ਆਪਣੇ ਹੀ ਰਾਜੇ ਨੂੰ ਅਕ੍ਰਿਤਘਣ ਨਾਲ ਡੰਗਣ ਦੀ ਕੋਸ਼ਿਸ਼ ਕੀਤੀ ਸੀ" ਰਾਜੂ ਨੇ ਕਿਹਾ।8

"ਦੇਖੋ ਬਈ, ਹੁਣ ਡੱਡੂ ਵੀ ਪੜ੍ਹਨ ਲਈ ਸਕੂਲ ਆਇਆ ਕਰਨਗੇ। ਇਹ ਪਹਿਲਾ ਸਟੂਡੈਂਟ ਹੈ ਮਤਲਬ ਸਾਡਾ ਜਮਾਤੀ।ਉਏ ਦੇਖੋ ਕਿਵੇਂ ਟਪੂਸੀਆਂ ਮਾਰਦਾ ਜਾ ਰਿਹੇ ਲਗਦੇ ਪਹਿਲੇ ਦਿਨ ਹੀ ਆਪਣਾ ਬੈਗ ਘਰ ਭੁੱਲ ਆਇਆ। ਬੈਗ ਲੈਣ ਜਾ ਰਿਹੈ"।9

ਭਾਸ਼ਾ ਮਨੁੱਖ ਦਾ ਕਮਾਇਆ ਹੋਇਆ ਸਰਮਾਇਆ ਹੈ। ਭਾਸ਼ਾ ਜਿਹੇ ਸਾਧਨ ਕਰਕੇ ਮਨੁੱਖ ਆਪਣੇ ਸੰਚਾਰ ਵਿੱਚ ਪ੍ਰਵੀਨਤਾ ਲੈ ਆਉਂਦਾ ਹੈ। ਸਾਹਿਤ ਦੇ ਖੇਤਰ ਵਿੱਚ ਭਾਸ਼ਾ ਦਾ ਮਹੱਤਵ ਵਧੇਰੇ ਹੈ। ਭਾਸ਼ਾ ਹੀ ਉਹ ਸਾਧਨ ਬਣਦੀ ਹੈ ਜਿਸ ਰਾਹੀਂ ਲੇਖਕ ਆਪਣੇ ਭਾਵਾਂ ਨੂੰ ਸ਼ਬਦਾਂ ਦੀ ਪੁਸ਼ਾਕ ਪਹਿਨਾ ਕੇ ਪਾਠਕਾਂ ਦੇ ਸਨਮੁੱਖ ਕਰਦਾ ਹੈ। ਕਿਸੇ ਸਾਹਿਤ ਰਚਨਾਂ ਦੀ ਹਰਮਨ ਪਿਆਰਤਾ ਭਾਸ਼ਾ ਦੀ ਚੋਣ ਅਤੇ ਭਾਸ਼ਾ ਦੇ ਪੱਧਰ ਤੇ ਵੀ ਨਿਰਭਰ ਕਰਦੀ ਹੈ। ਸਾਹਿਤਕ ਭਾਸ਼ਾ ਤੇ ਆਮ ਭਾਸ਼ਾ ਵਿੱਚ ਅੰਤਰ ਅਕਸਰ ਵੇਖਣ ਨੂੰ ਮਿਲਦਾ ਹੈ। ਭਾਸ਼ਾ ਦੀ ਚੋਣ ਕਰਦਿਆਂ ਲੇਖਕ ਸਰਲ, ਸਪਸ਼ਟ ਮੁਹਾਵਰੇਦਾਰ ਭਾਸ਼ਾ ਦੀ ਵਰਤੋਂ ਕਰਦਾ ਹੈ। ਇੱਕ ਚੰਗਾ ਤੇ ਪ੍ਰਵੀਨ ਲੇਖਕ ਅਜਿਹੀ ਸ਼ਬਦ ਚੋਣ ਕਰਦਾ ਹੈ ਜਿੰਨਾਂ ਦਾ ਪਾਠਕ ਵਰਗ ਨਾਲ ਨਿੱਤਾ ਪ੍ਰਤੀ ਵਾਹ ਪੈਂਦਾ ਹੋਵੇ। ਦਰਸ਼ਨ ਸਿੰਘ ਆਸ਼ਟ ਦੀ ਇਹ ਖੂਬੀ ਹੈ ਕਿ ਉਹ ਸਮੁੱਚੇ ਬਾਲ ਸਾਹਿਤ ਅੰਦਰ ਵਿਸ਼ੇ, ਭਾਸ਼ਾ, ਸ਼ਬਦਾਵਲੀ ਅਤੇ ਸ਼ੈਲੀ ਦੀ ਚੋਣ ਕਰਦਿਆਂ ਬਾਲ ਉਮਰ ਤੇ ਮਾਨਸਿਕਤਾ ਨੂੰ ਆਪਣੇ ਮਸਤਕ ਦੇ ਕੇਂਦਰ ਬਿੰਦੂ ਵਿੱਚ ਰੱਖਦਾ ਹੈ। ਉਸ ਨੇ ਆਪਣੀਆ ਬਾਲ ਕਹਾਣੀਆਂ ਵਿੱਚ ਉਸ ਜਨ ਸਧਾਰਨ ਤੇ ਕਾਰਵਿਹਾਰਕ ਭਾਸ਼ਾ ਦੀ ਵਰਤੋਂ ਕੀਤੀ ਹੈ ਜੋ ਕਿ ਬਾਲ ਪਾਠਕਾਂ ਦੇ ਹਿਰਦੇ ਤੇ ਕੋਮਲ ਭਾਵ ਛੱਡਦੀ ਹੋਈ ਉਹਨਾਂ ਦੇ ਧੁਰ ਅੰਦਰ ਤੱਕ ਅੱਪੜਦੀ ਹੈ। ਭਾਸ਼ਾ ਦੀ ਚੋਣ ਦਾ ਮਸਲਾ ਬਹੁਤ ਅਹਿਮ ਹੁੰਦਾ ਹੈ। ਜੇਕਰ ਭਾਸ਼ਾ ਨੂੰ ਜਨ ਸਧਾਰਨ ਪੱਧਰ ਦੀ ਬਣਾ ਕੇ ਪੇਸ਼ ਕੀਤਾ ਜਾਵੇ ਤਾਂ

ਸਹਿਜੇ ਹੀ ਸਾਹਿਤਕ ਰਚਨਾ ਹਰਮਨ ਪਿਆਰੀ ਵੀ ਹੋਵੇਗੀ।

ਡਾ. ਦਰਸ਼ਨ ਸਿੰਘ ਆਸ਼ਟ ਆਪਣੀਆਂ ਕਹਾਣੀਆਂ ਦੇ ਬਿਹਤਰ ਸੰਚਾਰ ਲਈ ਰਲਵੀਂ ਮਿਲਵੀਂ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਉਸ ਦੀਆਂ ਕਹਾਣੀਆਂ ਦੇ ਪਾਠਕ ਭੋਲੇ-ਭਾਲੇ ਬੱਚੇ ਹਨ। ਉਹ ਨਾਨ੍ਹਨਾਨੀ, ਦਾਦ੍ਹਦਾਦੀ, ਭੈਣ੍ਹਭਰਾ, ਮੋਟ੍ਹਪਤਲੇ, ਚੁਸਤ੍ਹਸੁਸਤ, ਮਿਹਨਤੀ, ਆਲਸੀ, ਚੰਨ, ਸੂਰਜ, ਤਾਰੇ, ਬੱਦਲ, ਤਿਤਲੀ, ਖਰਗੋਸ਼, ਡੱਡੂ, ਸੱਪ ਆਦਿ ਸ਼ਬਦਾਂ ਦੀ ਵਰਤੋਂ ਕਰਕੇ ਬਾਲ ਪਾਠਕਾਂ ਨੂੰ ਉਹਨਾਂ ਦੇ ਆਲੇ ਦੁਆਲੇ ਨਾਲ ਹੀ ਜੋੜਦਾ ਹੈ।

ਕਿਤੇ ਕਿਤੇ ਜ਼ਰੂਰਤ ਅਨੁਸਾਰ ਉਸ ਨੇ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਵੀ ਕਹਾਣੀ ਦੇ ਕਥਾਨਕ ਅਨੁਸਾਰ ਕੀਤੀ ਹੈ ਪਰ ਇਹ ਅੰਗਰੇਜ਼ੀ ਸ਼ਬਦਾਵਲੀ ਵਧੇਰੇ ਜਟਿਲ ਨਹੀਂ ਸਗੋਂ ਬੱਚਿਆਂ ਦੇ ਉਸ ਪੱਧਰ ਦੀ ਹੈ ਜੋ ਬੱਚਿਆਂ ਦੇ ਸਿੱਖਣ ਸਿਖਾਉਣ ਦਾ ਸਾਧਨ ਬਣ ਸਕੇ ਉਦਾਹਰਣ ਦੇ ਤੌਰ ਤੇ ਐਕਸਪ੍ਰੈਸ ਟ੍ਰੇਨ, ਚੈੱਕਅਪ, ਸਟੂਡੈਂਟ, ਬੈਗ, ਪਲੀਜ਼ ਆਦਿ ਅੰਗਰੇਜ਼ੀ ਦੇ ਸ਼ਬਦ ਉਸ ਦੀਆਂ ਕਹਾਣੀਆਂ ਵਿੱਚ ਵਰਤੇ ਗਏ ਹਨ।

ਇਸ ਤੋਂ ਇਲਾਵਾ ਉਸ ਦੀ ਕਲਾ ਦਾ ਇੱਕ ਪੱਖ ਇਹ ਵੀ ਹੈ ਕਿ ਉਹ ਮੁਹਾਵਰੇ ਅਤੇ ਅਖਾਣਾਂ ਦਾ ਸਹਾਰਾ ਲੈ ਕੇ ਬਾਲ ਪਾਠਕਾਂ ਦੇ ਮਨ ਵਿੱਚ ਦਸਤਕ ਦਿੰਦਾ ਹੈ:

"ਮੈਂ ਹੁਣੇ ਆਇਆ, ਤੂੰ ਬੈਠੀਂ ਜ਼ਰਾ..." ਇਹ ਕਹਿ ਕਾਂ ਨੇ ਉਡਾਰੀ ਮਾਰੀ ਤੇ ਝੱਟ ਬੱਚੇ ਦੇ ਹੱਥੋਂ ਰੋਟੀ ਦਾ ਟੁਕੜਾ ਖੋਹ ਕੇ ਫਿਰ ਕੋਇਲ ਕੋਲ ਆ ਗਿਆ।

"ਦੇਖੀ ਨਾ ਮੇਰੀ ਬਹਾਦਰੀ..." ਕਿਵੇਂ ਮੈਂ ਬੰਦੇ ਦੇ ਹੱਥਾਂ ਤੇ ਵੀ ਸਰ੍ਹੋਂ ਜਮ੍ਹਾ ਦਿੰਦਾ ਹਾਂ..." ਔਹ ਵੇਖ ਕਿਵੇਂ ਰੋ ਰਿਹਾ ਐ ਹੁਣ ਉਹ ਬੱਚਾ..."ਕਾਂ ਨੇ ਬੱਚੇ ਕੋਲੋਂ ਖੋਹ ਕੇ ਰੋਟੀ ਦਾ ਟੁਕੜਾ ਆਪਣੇ ਪੰਜਿਆਂ ਚ ਦਬਾਉਂਦਿਆਂ ਕਿਹਾ।10

ਉਸ ਦੀਆਂ ਬਾਲ ਕਹਾਣੀਆਂ ਵਿੱਚ ਵਾਸਤਵਿਕ ਰੰਗਤ ਦੇਣ ਵਾਲੀ ਸਥਿਤੀ ਪੈਦਾ ਕੀਤੀ ਗਈ ਹੈ ਉਸ ਦੀਆਂ ਦਿਲਚਸਪ ਕਹਾਣੀਆਂ ਪੜ੍ਹਦਾ ਹੋਇਆ ਬਾਲ ਪਾਠਕ ਆਨੰਦਤ ਮਹਿਸੂਸ ਕਰਦਾ ਹੈ। ਉਸ ਦੀਆਂ ਬਾਲ ਕਹਾਣੀਆਂ ਦੇ ਵਿਸ਼ੇ ਨਵੀਨਤਾ, ਰੌਚਕਤਾ, ਮੌਲਿਕਤਾ, ਨਾਟਕੀਪਣ ਅਤੇ ਕਲਾਤਮਿਕਤਾ ਵਰਗੇ ਗੁਣਾਂ ਨਾਲ ਭਰਪੂਰ ਹਨ। ਢੁਪੁਰਥਾਂ ਮੁਹਾਵਰਿਆਂ ਅਤੇ ਅਖੌਤਾਂ ਦੀ ਵਰਤੋਂ ਵੀ ਕੀਤੀ ਗਈ ਹੈ। ਉਸ ਨੇ ਬਾਲ ਕਹਾਣੀਆਂ ਦੇ ਵਾਰਤਾਲਾਪ ਤੇ ਪਾਤਰਾਂ ਦੀ ਉਸਾਰੀ ਬਾਲ ਪਾਠਕਾਂ ਦੇ ਮਾਨਸਿਕ ਪੱਧਰ ਨੂੰ ਮੁੱਖ ਰੱਖ ਕੇ ਸਿਰਜੀ ਹੈ ਜਿਸ ਨਾਲ ਬਾਲ ਪਾਠਕਾਂ ਦੀ ਕਹਾਣੀ ਵਿੱਚ ਉਤਸੁਕਤਾ ਅਤੇ ਰੁਚੀ ਨਿਰੰਤਰ ਬਣੀ ਰਹਿੰਦੀ ਹੈ। ਉਸ ਦੀਆਂ ਬਾਲ ਕਹਾਣੀਆਂ ਦੀ ਭਾਸ਼ਾ ਸਰਲ ਅਤੇ ਸਪੱਸ਼ਟ ਹੈ ਜੋ ਕਿ ਬਾਲ ਪਾਠਕਾਂ ਨੂੰ ਆਪਣੇ ਨਾਲ ਜੋੜਨ ਦੀ ਸਮਰੱਥਾ ਰੱਖਦੀ ਹੈ। ਉਸ ਦੀਆਂ ਬਾਲ ਕਹਾਣੀਆਂ ਵਿੱਚ ਕਿਸੇ ਕਿਸਮ ਦਾ ਬੇਲੋੜਾ ਅਤੇ ਫਾਲਤੂ ਵਰਣਨ ਨਹੀਂ ਮਿਲਦਾ।

ਹਵਾਲੇ ਤੇ ਟਿੱਪਣੀਆਂ


- ਦਰਸ਼ਨ ਸਿੰਘ ਆਸ਼ਟ, ਚੰਗੀਆਂ ਆਦਤਾਂ (ਬਾਲ ਕਹਾਣੀਆਂ) ਭਾਸ਼ਾ ਵਿਭਾਗ ਪੰਜਾਬ, 1989, ਪੰਨਾ ਨੰ. 27
- ਉਹੀ, ੋਸੁਰੀਲੀ ਬੰਸਰੀੌ (ਬਾਲ ਕਹਾਣੀਆਂ), ਪੰਜਾਬੀ ਬਾਲ ਸਾਹਿਤ ਅਕਾਦਮੀ ਅੰਮ੍ਰਿਤਸਰ, 1990, ਪੰਨਾ ਨੰ. 14
- ਉਹੀ, ੋਬਾਗਾਂ ਵਾਲਾ ਪਿੰਡੋ (ਬਾਲ ਕਹਾਣੀਆਂ), ਪੰਜਾਬੀ ਅਕਾਦਮੀ ਦਿੱਲੀ, 1991, ਪੰਨਾ ਨੰ. 7
- ਉਹੀ, ਪੰਨਾ ਨੰ. 26
- ਉਹੀ, ਪੰਨਾ ਨੰ. 13
- ਉਹੀ, ਪੰਨਾ ਨੰ. 23
- ਉਹੀ, ਘੁੱਗੀ ਮੁੜ ਆਈ (ਬਾਲ ਕਹਾਣੀਆਂ), ਲਾਹੌਰ ਬੁੱਕਸ ਲੁਧਿਆਣਾ, 2012, ਪੰਨਾਂ ਨੰ. 13
- ਉਹੀ, ਪੰਨਾ ਨੰ. 27
- ਉਹੀ, ੋਉੱਡ ਗਈ ਤਿਤਲੀੌ (ਬਾਲ ਕਹਾਣੀਆਂ), ਲਾਹੌਰ ਬੁੱਕਸ ਲੁਧਿਆਣਾ, 2012, ਪੰਨਾਂ ਨੰ. 53
- ਉਹੀ, ੋਵਰ ਕਿ ਸਰਾਪੋ (ਕਹਾਣੀਆਂ), ਰਘਵੀਰ ਰਚਨਾ ਪ੍ਰ. ਚੰਡੀਗੜ੍ਹ, 1995, ਪੰਨਾ ਨੰ. 45